ਦਫ਼ਤਰ:- ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਐਸ.ਏ.ਐਸ. ਨਗਰ

(ਅਮਲਾ-1 ਸ਼ਾਖਾ)

ਹੁਕਮ ਨੰਬਰ:-24/142-2015-ਅਮਲਾ-1(1)

ਮਿਤੀ ਐਸ.ਏ.ਐਸ. ਨਗਰ:- 06/09/19

ਸ਼੍ਰੀਮਤੀ ਮਹਿੰਦਰ ਕੌਰ, ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਅਬੋਹਰ-2 (ਫਾਜਿਲਕਾ) ਹੁਣ ਖੂਈਆਂ ਸਰਵਰ (ਫਾਜਿਲਕਾ) ਹੁਣ ਮੁਅੱਤਲੀ ਅਧੀਨ ਵਿਰੁੱਧ ਪ੍ਰਾਪਤ ਹੋਈ ਸ਼ਿਕਾਇਤ ਨਾਲ ਸ਼ਿਕਾਇਤ ਕਰਤਾ ਵਲੋਂ ਦਸਤਾਵੇਜੀ ਸਬੂਤ ਲਗਾਉਂਦੇ ਹੋਏ ਦੋਸ਼ ਲਗਾਏ ਗਏ ਸਨ ਕਿ ਇਸ ਅਧਿਕਾਰਨ ਨੇ ਬਲਾਕ ਅਬੋਹਰ-2 (ਫਾਜਿਲਕਾ) ਵਿਖੇ ਤੈਨਾਤ ਹੁੰਦੇ ਹੋਏ ਲੱਖਾਂ ਰਪਏ ਦਾ ਸਰਕਾਰੀ ਧੰਨ ਦਾ ਗਬਨ ਕੀਤਾ ਹੈ। ਪ੍ਰਾਪਤ ਹੋਈ ਸ਼ਿਕਾਇਤ ਵਿਚ ਲਗਾਏ ਦੋਸ਼ਾਂ ਦੀ ਸਚਾਈ ਜਾਨਣ ਲਈ ਮੁੱਖ ਦਫਤਰ ਵਲੋਂ ਮੰਡਲ ਸਿਖਿਆ ਅਫਸਰ, ਫਰੀਦਕੋਟ ਨੂੰ ਮਾਮਲੇ ਦੀ ਪੜਤਾਲ ਕਰਵਾ ਕੇ ਰਿਪੋਰਟ ਭੇਜਣ ਹਿੱਤ ਲਿਖਿਆ ਗਿਆ ਸੀ। ਮੰਡਲ ਸਿਖਿਆ ਅਫਸਰ, ਫਰੀਦਕੋਟ ਵਲੋਂ ਇਸ ਮਾਮਲੇ ਦੀ ਮੁੱਢਲੀ ਪੜਤਾਲ ਜਿਲ੍ਹਾ ਸਿਖਿਆ ਅਫਸਰ (ਸੈ:ਸਿ:) ਫਾਜਿਲਕਾ ਤੋਂ ਕਰਵਾਈ ਗਈ। ਪੜਤਾਲੀਆ ਅਫਸਰ ਵਲੋਂ ਪੇਸ਼ ਕੀਤੀ ਗਈ ਪੜਤਾਲ ਰਿਪੋਰਟ ਵਾਚਣ ਉਪਰੰਤ ਇਸ ਦਫਤਰ ਵਲੋਂ ਸ਼੍ਰੀਮਤੀ ਮਹਿੰਦਰ ਕੌਰ,ਬੀ.ਪੀ.ਈ.ਓ. ਅਬੋਹਰ-2 (ਫਾਜਿਲਕਾ) ਹੁਣ ਖੂਈਆਂ ਸਰਵਰ ਵਿਰੁੱਧ ਹੁਕਮ ਨੰਬਰ:- 24/142-2015-ਅਮਲਾ-1(1) ਤਿਥੀ 28/10/2015 ਅਨੁਸਾਰ ਦੋਸ਼ ਸੂਚੀ ਜਾਰੀ ਕੀਤੀ ਗਈ। ਜਾਰੀ ਕੀਤੀ ਗਈ ਦੋਸ਼ ਸੂਚੀ ਦੇ ਸਬੰਧ ਵਿਚ ਦੋਸ਼ੀ ਅਧਿਕਾਰਨ ਵਲੋਂ ਆਪਣੇ ਬਚਾਅ ਪੱਖ ਵਿਚ ਕੋਈ ਉੱਤਰ ਵਿਭਾਗ ਨੂੰ ਪੇਸ਼ ਨਹੀਂ ਕੀਤਾ। ਇਸ ਮਾਮਲੇ ਦੀ ਗੰਭੀਰਤਾ ਨੂੰ ਧਿਆਨ ਵਿਚ ਰੱਖਦੇ ਹੋਏ ਹੁਕਮ ਨੰਬਰ:- 24/142-2015- ਅਮਲਾ-1 (1) ਮਿਤੀ 11/12/205 ਅਨੁਸਾਰ ਮੰਡਲ ਸਿਖਿਆ ਅਫਸਰ, ਫਰੀਦਕੋਟ ਵਲੋਂ ਪੇਸ਼ ਕੀਤੀ ਗਈ ਰਿਪੋਰਟ ਦੇ ਅਧਾਰ ਤੇ ਜਾਰੀ ਕੀਤੀ ਗਈ ਦੋਸ਼ ਸੂਚੀ ਵਿਚ ਲਗਾਏ ਗਏ ਦੋਸ਼ਾਂ ਦੀ ਸਚਾਈ ਜਾਨਣ ਲਈ ਰੈਗੂਲਰ ਪੜਤਾਲ ਕਰਵਾਉਣ ਲਈ ਸ਼੍ਰੀ ਜੋਧ ਸਿੰਘ, ਡਿਪਟੀ ਕੰਟਰੋਲਰ(ਵਿੱਤ ਤੇ ਲੇਖਾ) ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ ਜੀ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਸੀ।

ਇਸ ਮਾਮਲੇ ਸਬੰਧੀ ਪੜਤਾਲੀਆ ਅਫਸਰ ਵਲੋਂ ਪੜਤਾਲ ਰਿਪੋਰਟ ਪੇਸ਼ ਕਰਦਿਆਂ ਇਹ ਸਪੱਸ਼ਟ ਕੀਤਾ ਗਿਆ ਸੀ ਕਿ ਇਸ ਮਾਮਲੇ ਸਬੰਧੀ ਸਰਕਾਰੀ ਧੰਨ ਦੀ ਰਕਮ 6,65,278/- ਰੁਪਏ ਦਾ ਵਿੱਤੀ ਨੁਕਸਾਨ ਹੋਇਆ ਹੈ। ਕਿਉਂਕਿ ਇਹ ਰਕਮ ਸਮੇਂ-ਸਮੇਂ ਸ਼੍ਰੀਮਤੀ ਮਹਿੰਦਰ ਕੌਰ ਵਲੋਂ ਖੁਦ ਅਤੇ ਬਲਾਕ ਦੇ ਟੀਚਰਾਂ ਰਾਹੀਂ ਰਕਮਾਂ ਬੈਂਕ ਵਿਚੋਂ ਕਢਵਾਈਆਂ ਗਈਆਂ ਸਨ। ਇਹ ਰਕਮਾਂ ਜਾਲਸਾਜੀ ਨਾਲ ਸਰਕਾਰ ਦੇ ਖਜਾਨੇ ਵਿਚੋਂ ਕਢਵਾਈਆਂ ਹੋਈਆਂ ਹਨ। ਬੀ.ਪੀ.ਈ.ਓ. ਦੇ ਬੈਂਕ ਖਾਤਿਆਂ ਵਿਚੋਂ ਕਢਵਾਈਆਂ ਗਈਆਂ ਰਕਮਾਂ ਦੀਆਂ ਅਦਾਇਗੀਆ ਦਾ ਅੱਗੇ ਕੋਈ ਰਿਕਾਰਡ ਨਹੀਂ ਮਿਲਿਆ। ਪੜਤਾਲੀ ਅਫਸਰ ਵਲੋਂ ਪੇਸ਼ ਕੀਤੀ ਗਈ ਪੜਤਾਲ ਰਿਪੋਰਟ ਉਪਰੰਤ ਦੋਸ਼ੀ ਅਧਿਕਾਰਨ ਵਲੋਂ ਗਬਨ ਦੀ ਰਕਮ ਵਿਚੋਂ 6,16,557/- (ਕੇਵਲ ਛੇ ਲੱਖ ਸੋਲਾਂ ਹਜਾਰ, ਪੰਜ ਸੌ ਸੰਤਵੰਜਾ ਰੁਪਏ) ਚਲਾਨ ਫਾਰਮ ਰਾਹੀਂ ਸਰਕਾਰ ਕੇ ਖਜਾਨੇ ਵਿਚ ਜਮ੍ਹਾਂ ਕਰਵਾ ਕੇ ਚਲਾਨ ਫਾਰਮ ਦੀ ਕਾਪੀ ਵਿਭਾਗ ਨੂੰ ਪੇਸ਼ ਕੀਤੀ ਗਈ। ਪੜਤਾਲੀਆ ਅਫਸਰ ਵਲੋਂ ਪੇਸ਼ ਕੀਤੀ ਗਈ ਪੜਤਾਲ ਰਿਪੋਰਟ ਅਨੁਸਾਰ ਅਹਿਮ ਰਿਕਾਰਡ ਉਹਨਾਂ ਨੂੰ ਪੇਸ਼ ਨਾਂ ਕਰਨ ਕਰਕੇ ਇਸ ਮਾਮਲੇ ਦੇ ਕਈ ਤੱਥ ਸਾਹਮਣੇ ਨਾ ਆਉਣ ਦੀ ਸੂਰਤ ਵਿਚ ਇਹ ਮਾਮਲਾ ਹੋਰ ਵੀ ਸ਼ੱਕੀ ਜਾਪਨ ਕਰਕੇ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਫਾਜਿਲਕਾ ਨੂੰ ਬਲਾਕ ਅਬੋਹਰ-2 ਦਾ ਗਬਨ ਨਾਲ ਸਬੰਧਤ ਰਿਕਾਰਡ ਆਪਣੇ ਕਬਜੇ ਵਿਚ ਤੁਰੰਤ ਲੈਣ ਲਈ ਪੱਤਰ ਮਿਤੀ 06/06/2016 ਅਨੁਸਾਰ ਹਦਾਇਤ ਕੀਤੀ ਗਈ ਕਿ ਜੇਕਰ ਕਿਰਾਰਡ ਮੁਕੰਮਲ ਰੂਪ ਵਿਚ ਪ੍ਰਾਪਤ ਨਹੀਂ ਹੁੰਦਾ ਤਾਂ ਤੁਰੰਤ ਐਸ.ਐਸ.ਪੀ. ਫਾਜਿਲਕਾ ਨੂੰ ਲਿਖਤੀ ਰੂਪ ਵਿਚ ਪੱਤਰ ਲਿਖਕੇ ਐਫ.ਆਈ.ਆਰ. ਦਰਜ ਕਰਵਾਈ ਜਾਵੇ।

ਇਸ ਮਾਮਲੇ ਦੀ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਫਾਜਿਲਕਾ ਵਲੋਂ ਆਪਣੇ ਪੱਧਰ ਤੇ ਵੀ ਇੱਕ ਤਿੰਨ ਮੈਂਬਰੀ ਕਮੇਟੀ (ਸ਼੍ਰੀ ਪੰਕਜ ਕੁਮਾਰ ਅੰਗੀ, ਪ੍ਰਿੰਸੀਪਲ, ਸ:ਸ:ਸ:ਸ: ਲਮੋਚੜ ਕਲਾਂ, ਸ਼੍ਰੀ ਮਨੋਜ ਕੁਮਾਰ, ਪ੍ਰਿੰਸੀਪਲ, ਸ:ਸ:ਸ:ਸ: ਲਾਲੋ ਵਾਲੀ ਅਤੇ ਸ਼੍ਰੀ ਸੁਸ਼ੀਲ ਕੁਮਾਰ, ਸੁਪਰਡੰਟ ਦਫਤਰ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਫਾਜਿਲਕਾ ਹੁਣ ਸੁਪਰਡੰਟ ਸਰਕਾਰੀ ਕਾਲਜ ਸ਼੍ਰੀ ਮੁਕਤਸਰ ਸਹਿਬ) ਦਾ ਗਠਨ ਕਰਕੇ ਪੜਤਾਲ ਕਰਵਾਈ ਗਈ। ਪੜਤਾਲੀ ਕਮੇਟੀ ਵਲੋਂ ਪੇਸ਼ ਕੀਤੀ ਗਈ ਪੜਤਾਲ ਰਿਪੋਰਟ ਅਨੁਸਾਰ ਗਬਨ ਦੀ ਹੋਰ ਰਕਮ 81,351/- ਰੁਪਏ ਦੀ ਸਿੱਧ ਕੀਤੀ ਗਈ ਇਸ ਟੀਮ ਵਲੋਂ ਪੜਤਾਲ ਕਰਦੇ ਸਮੇਂ ਇਹ ਪਾਇਆ ਗਿਆ ਕਿ ਬਲਾਕ ਅਬੋਹਰ-2 ਦਾ ਗਬਨ ਨਾਲ ਸਬੰਧਤ ਅਹਿਮ ਰਿਕਾਰਡ ਜਿਵੇਂ ਕਿ ਇਸ ਬਲਾਕ ਵਿਚ ਮੰਨਜੂਰਸ਼ੁਦਾ ਅਸਾਮੀਆਂ ਦੇ ਵੇਰਵੇ, ਟੋਕਨ ਰਜਿਸਟਰ/ਵਾਊਚਰ ਨੰਬਰ, ਸੈਂਕਸ਼ਨ ਰਜਿਸਟਰ, ਬੈਂਕ ਸਟੇਟਮੈਂਟਾਂ ਆਦਿ ਰਿਕਾਰਡ ਵਿਚ ਮੌਜੂਦ ਨਹੀਂ ਹਨ।

ਇਹ ਮਾਮਲਾ ਹੋਰ ਗੁੰਝਲਦਾਰ ਰੂਪ ਧਾਰਨ ਕਰਨ ਕਾਰਨ ਮੁੱਖ ਦਫਤਰ ਦੀ ਪੱਧਰ ਤੇ ਚਾਰ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਅਤੇ ਕਮੇਟੀ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਕਿ ਇਸ ਮਾਮਲੇ ਦੀ ਡੂੰਘੀ ਪੜਤਾਲ ਨਿੱਜੀ ਪੱਧਰ ਤੇ ਸਬੰਧਤ ਦਫਤਰ ਵਿਚ ਜਾ ਕੇ ਕਰਕੇ ਰਿਪੋਰਟ ਪੇਸ਼ ਕੀਤੀ ਜਾਵੇ। ਮੁੱਖ ਦਫਤਰ ਵਲੋਂ ਗਠਿਤ ਕੀਤੀ ਗਈ ਕਮੇਟੀ ਵਲੋਂ ਪੇਸ਼ ਕੀਤੀ ਗਈ ਪੜਤਾਲ ਰਿਪੋਰਟ ਪੇਸ਼ ਕਰਦਿਆਂ ਇਹ ਸਪੱਸ਼ਟ ਕੀਤਾ ਗਿਆ ਕਿ ਵਿਭਾਗ ਵਲੋਂ ਪਹਿਲਾਂ ਕਰਵਾਈ ਗਈ ਪੜਤਾਲ ਅਨੁਸਾਰ ਗਬਨ ਦੀ ਰਕਮ 6,65,278/- ਰੁਪਏ ਵਿਚੋਂ ਦੋਸ਼ੀ ਅਧਿਕਾਰਨ ਵਲੋਂ ਰਕਮ 6,16,557/- ਰਪਏ ਸਰਕਾਰ ਦੇ ਖਜਾਨੇ ਵਿਚ ਜਮ੍ਹਾਂ ਕਰਵਾਈ ਜਾ ਚੁੱਕੀ ਹੈ। ਗਬਨ ਦੀ ਰਕਮ ਵਿਚੋਂ ਬਾਕੀ ਬਣਦੀ 48721/- ਰੁਪਏ ਦੀ ਹੋਰ ਰਿਕਵਰੀ ਬਣਦੀ ਹੈ। ਇਸ ਤੋਂ ਇਲਾਵਾ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਫਾਜਿਲਕਾ ਵਲੋਂ ਗਠਿਤ ਕੀਤੀ ਗਈ ਕਮੇਟੀ ਵਲੋਂ ਗਬਨ ਦੀ ਹੋਰ ਕੱਢੀ ਰਕਮ 81351/-

ਚਲਦਾ ਪੰਨਾਂ...2

ਰੁਪਏ ਦੀ ਰਿਕਵਰੀ ਬਣਦੀ ਹੈ। ਪੜਤਾਲੀਆ ਟੀਮ ਵਲੋਂ ਸਪੱਸ਼ਟ ਕੀਤਾ ਗਿਆ ਕਿ ਦੋਸ਼ੀਆਂ ਵਲੋਂ ਕਢਵਾਈਆਂ ਗਈਆਂ ਰਕਮਾਂ ਦੀਆਂ ਅੱਗੇ ਅਦਾਇਗੀ ਸਬੰਧੀ ਰਿਕਾਰਡ ਨਹੀਂ ਮਿਲਣ ਕਰਕੇ ਸਥਿਤੀ ਸਪੱਸ਼ਟ ਨਹੀਂ ਹੋ ਸਕੀ। ਪੜਤਾਲੀਆ ਟੀਮ ਵਲੋਂ ਪੇਸ਼ ਕੀਤੀ ਗਈ ਰਿਪੋਰਟ ਉਪਰੰਤ ਸ਼੍ਰੀਮਤੀ ਮਹਿੰਦਰ ਕੌਰ, ਬੀ.ਪੀ.ਈ.ਓ ਵਲੋਂ ਗਬਨ ਦੀ ਰਕਮ ਵਿਚੋ ਹੋਰ ਰਕਮ 3,96,481/- ਰੁਪਏ (ਕੇਵਲ ਤਿੰਨ ਲੱਖ ਛਿਆਨਵੇਂ ਹਜਾਰ ਚਾਰ ਸੌ ਇਕਾਸੀ ਰੁਪਏ) ਚਲਾਨ ਫਾਰਮ ਰਾਹੀਂ ਸਰਕਾਰ ਦੇ ਖਜਾਨੇ ਵਿਚ ਜਮ੍ਹਾਂ ਕਰਵਾ ਕੇ ਚਲਾਨ ਫਾਰਮ ਦੀ ਕਾਪੀ ਵਿਭਾਗ ਨੂੰ ਪੇਸ਼ ਕੀਤੀ ਗਈ ਹੈ।

ਸਹੀਕਰਤਾ ਵੱਲੋਂ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਸ਼੍ਰੀਮਤੀ ਮਹਿੰਦਰ ਕੌਰ, ਬੀ.ਪੀ.ਈ.ਓ ਨੂੰ ਜਾਰੀ ਕੀਤੀ ਗਈ ਦੋਸ਼ ਸੂਚੀ ਵਿਚ ਲਗਾਏ ਗਏ ਦੋਸ਼ਾਂ, ਪੜਤਾਲੀਆ ਅਫਸਰ ਵੱਲੋਂ ਦਿੱਤੀ ਗਈ ਰਿਪੋਰਟ ਅਤੇ ਉਪਰੰਤ ਡਾਇਰੈਕਟੋਰੇਟ ਦੀ ਟੀਮ ਵੱਲੋਂ ਕੀਤੀ ਪੜਤਾਲ ਰਿਪੋਰਟ ਨੂੰ ਗਹੁ ਪੂਰਵਕ ਘੋਖਿਆ ਅਤੇ ਵਿਚਾਰਿਆ ਹੈ। ਕਰਮਚਾਰੀ ਵਿਰੁੱਧ ਬਹੁਤ ਹੀ ਸੰਗੀਨ ਦੋਸ਼ ਹਨ ਕਿ ਉਸਨੇ ਸਰਕਾਰੀ ਰਕਮ ਦਾ ਗਬਨ ਕੀਤਾ ਅਤੇ ਕੱਲ ਰਕਮ ਰੁਪਏ 10,13,038/- ਰੁਪਏ ਚਲਾਨ ਫਾਰਮਾ ਰਾਹੀਂ ਜਮ੍ਹਾਂ ਕਰਵਾਏ। ਜਿਸ ਤੋਂ ਭਲੀ ਭਾਂਤ ਤਸਦੀਕ ਹੁੰਦਾ ਹੈ ਕਿ ਇਸ ਅਧਿਕਾਰਨ ਨੇ ਅਸਲ ਵਿਚ ਸਰਕਾਰੀ ਰਕਮ ਦਾ ਗਬਨ ਕੀਤਾ ਸੀ।

ਅਧਿਕਾਰਨ ਨੇ ਗਬਨ ਕੀਤੀ ਰਕਮ ਖੁਦ ਹੀ ਸਰਕਾਰੀ ਖਜ਼ਾਨੇ ਵਿਚ ਜਮ੍ਹਾ ਕਰਵਾਕੇ ਇਸ ਗੱਲ ਨੂੰ ਮੰਨ ਲਿਆ ਹੈ ਕਿ ਉਸ ਵੱਲੋਂ ਰਕਮ ਦਾ ਗਬਨ ਕੀਤਾ ਗਿਆ ਹੈ। ਉਸ ਵੱਲੋਂ ਰੁਪੈ: 6,16,557/- ਅਤੇ 3,96,481/- ਜਮ੍ਹਾਂ ਕਰਵਾਏ ਗਏ ਹਨ। ਕਰਮਚਾਰਨ ਨੇ ਦਲਿਤ ਅਤੇ ਗਰੀਬ ਪਰਿਵਾਰ ਨਾਲ ਸਬੰਧਤ ਹੋਣ ਦੇ ਨਾਤੇ ਆਪਣੇ ਆਪ ਨੂੰ ਦੋਸ਼ ਮੁਕਤ ਕਰਨ ਦਾ ਹਵਾਲਾ ਦਿੱਤਾ ਹੈ। ਇਹ ਗੱਲ ਰਿਕਾਰਡ ਤੇ ਹੈ ਕਿ ਸੀਨੀਅਰ ਸੁਪਰਡੰਟ ਆਫ ਪੁਲਿਸ , ਫਾਜਿਲਕਾ ਨੇ ਆਪਣੇ ਪੱਤਰ ਨੰ: 686 -ਪੀ-ਫਾਜਿਲਕਾ ਮਿਤੀ 10/05/2019 ਰਾਹੀਂ ਰਿਪੋਰਟ ਕੀਤੀ ਹੈ ਕਿ ਦਫਤਰ ਬੀ.ਪੀ.ਈ.ਓ. ਅਬੋਹਰ-2 ਜਿਲ੍ਹਾ ਫਾਜਿਲਕਾ ਵਿਚ ਸਹਿਬਨ ਹੋਏ ਗਬਨ ਅਤੇ ਰਿਕਾਰਡ ਗੁੰਮ ਹੋਣ ਦਹ ਜਿੰਮੇਵਾਰੀ ਰਿਟਾਇਰਡ ਕਲਰਕ ਆਰੁਣ ਕੁਮਾਰ ਸਕਸੈਨਾ ਦੀ ਬਣਦੀ ਹੈ ਜਿਸ ਸਬੰਧੀ ਬਣਦੀ ਕਾਰਵਾਈ ਮਹਿਕਮਾ ਵਲੋਂ ਕੀਤੀ ਜਾਣੀ ਬਣਦੀ ਹੈ। ਫਿਰ ਵੀ ਉਕਤ ਦਫਤਰ ਵਿਖੇ ਹੋਏ ਗਬਨ ਦੀ ਸਾਰੀ ਰਾਸ਼ੀ ਮਹਿਕਮਾ ਦੇ ਖਜਾਨਾ ਵਿਚ ਜਮ੍ਹਾਂ ਕਰਵਾ ਦਿੱਤੀ ਹੈ। ਜਮ੍ਹਾ ਕਰਵਾਈ ਰਕਮ ਦੇ ਚਲਾਨ ਫਾਰਮਾਂ ਦੀ ਕਾਪੀਆਂ ਨਾਲ ਨੱਥੀ ਹਨ। ਅਤੇ ਹੋਰ ਕੋਈ ਰਾਸ਼ੀ ਜਮ੍ਹਾਂ ਕਰਵਾਉਣੀ ਬਾਕੀ ਨਹੀਂ ਹੈ। ਜਿਸ ਤੇ ਕਿਸੇ ਖਿਲਾਫ ਕੋਈ ਕਾਰਵਾਈ ਕੀਤੀ ਜਾਣੀ ਨਹੀਂ ਬਣਦੀ। ਦਰਖਾਸਤ ਪਰ ਪੁਲਿਸ ਦੇ ਕਰਨ ਯੋਗ ਕੋਈ ਕਾਰਵਾਈ ਨਾ ਹੋਣ ਕਰਕੇ ਦਰਖਾਸਤ ਦਾਖਲ ਦਫਤਰ ਕੀਤੇ ਜਾਣ ਦੀ ਸਿਫਰਾਸ਼ ਕੀਤੀ ਜਾਂਦੀ ਹੈ।

3. ਜੋ ਕਰਮਚਾਰੀ ਸਰਕਾਰੀ ਰਕਮ ਦਾ ਗਬਨ ਕਰਦਾ ਹੈ ਜਾਂ ਵਿੱਤੀ ਕੁਤਾਹੀ ਕਰਦਾ ਹੈ, ਉਸ ਨਾਲ ਕਿਸੇ ਪ੍ਰਕਾਰ ਦਾ ਨਰਮੀ ਵਾਲਾ ਵਤੀਰਾ ਅਖਤਿਆਰ ਨਹੀਂ ਕੀਤਾ ਜਾ ਸਕਦਾ। ਆਮ ਤੌਰ ਤੇ ਅਜਿਹੇ ਕਰਮਚਾਰੀ ਨੂੰ ਸੇਵਾ ਤੋਂ ਹਟਾਉਣ ਜਾਂ ਡਿਸਮਿਸ ਕਰਨ ਦੀ ਸਖਤ ਸਜ਼ਾ ਦੇਣੀ ਜਾਣੀ ਬਣਦੀ ਹੈ ਪ੍ਰੰਤੂ ਕਰਮਚਾਰਨ ਵੱਲੋਂ ਗਬਨ ਸਬੰਧੀ ਰਕਮ 10,13,3038/- ਰੁਪਏ ਸਰਕਾਰੀ ਖਜ਼ਾਨੇ ਵਿਚ ਪਹਿਲਾਂ ਹੀ ਜਮ੍ਹਾਂ ਕਰਵਾ ਦਿੱਤੀ ਗਈ ਹੈ ਅਤੇ ਇਸ ਗੱਲ ਨੂੰ ਮੁੱਖ ਰੱਖਦੇ ਹੋਏ ਕਿ ਕਰਮਚਾਰਨ ਵੱਲੋਂ ਇਸ ਦਫਤਰ ਵਿਖੇ ਲੰਬੀ ਸੇਵਾ ਕੀਤੀ ਗਈ ਹੈ ਅਤੇ ਵੱਧ ਵਰ੍ਹਾ ਉਸ ਨੇ ਮਿਤੀ 30-4-2020 ਨੂੰ ਰਿਟਾਇਰ ਹੋਣ ਵਾਲੀ ਹੈ, ਨਾਲ ਨਰਮੀ ਵਾਲਾ ਵਤੀਰਾ ਅਖਤਿਆਰ ਕਰਦੇ ਹੋਏ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਾਲੀ,1970 ਦੇ ਨਿਯਮ 5(vii) ਵਿਚ ਵਰਨਤ ਸਜ਼ਾ- ਜਬਰੀ ਰਿਟਾਇਰਮੈਂਟ (compulsory retirement) ਦਿੰਦੇ ਹੋਏ ਉਸਨੂੰ ਤਤਕਾਲ ਸਮੇਂ ਤੋਂ ਸਰਕਾਰੀ ਸੇਵਾ ਤੋਂ ਜਬਰੀ ਰਿਟਾਇਰ ਕਰਨ ਦੇ ਹੁਕਮ ਕੀਤੇ ਜਾਂਦੇ ਹਨ।

ਇੰਦਰਜੀਤ ਸਿੰਘ
ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ

ਪਿੱਠ ਅੰਕਣ ਨੰਬਰ:-ਉਕਤ 2685
ਮਿਤੀ ਐਸ.ਏ.ਐਸ. ਨਗਰ:- 06/09/19

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜਿਲ੍ਹਾ ਸਿਖਿਆ ਅਫਸਰ (ਐ:ਸਿ:) ਫਾਜਿਲਕਾ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਅਧਿਕਾਰਨ ਪਾਸੋਂ ਸਬੰਧਤ ਦਫਤਰ ਦਾ ਚਾਰਜ ਮੁਕੰਮਲ ਰੂਪ ਵਿਚ ਕਿਸੇ ਯੋਗ ਅਧਿਕਾਰੀ ਨੂੰ ਹੈਂਡ ਓਵਰ ਕਰਵਾ ਪਾਲਣਾ ਰਿਪੋਰਟ ਤੁਰੰਤ ਇਸ ਦਫਤਰ ਨੂੰ ਭੇਜੀ ਜਾਵੇ। ਜੇਕਰ ਰਿਕਵਰੀ ਯੋਗ ਹੋਰ ਰਕਮ ਬਣਦੀ ਹੋਵੇ ਤਾਂ ਰਿਟਾਇਰਲ ਲਾਭਾਂ ਵਿਚੋਂ ਕੱਟ ਕੇ ਰਿਪੋਰਟ ਤੁਰੰਤ ਇਸ ਦਫਤਰ ਨੂੰ ਭੇਜੀ ਜਾਵੇ।
2. ਮਹਾਂਲੇਖਾਕਾਰ ਪੰਜਾਬ, ਚੰਡੀਗੜ੍ਹ।
3. ਜਿਲ੍ਹਾ ਖਜਾਨਾ ਅਫਸਰ, ਫਾਜਿਲਕਾ।
4. ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਅਬੋਹਰ-2 (ਫਾਜਿਲਕਾ)।
5. ਬਲਾਕ ਪ੍ਰਾਇਮਰੀ ਅਫਸਰ, ਖੂਈਆਂ ਸਰਵਰ (ਫਾਜਿਲਕਾ)
6. ਸ਼੍ਰੀਮਤੀ ਮਹਿੰਦਰ ਕੌਰ, ਬੀ.ਪੀ.ਈ.ਓ. ਮਾਰਫਤ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਫਾਜਿਲਕਾ।
7. ਐਮ.ਆਈ.ਐਸ: ਵਿੰਗ ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ,ਪੰਜਾਬ, ਐਸ.ਏ.ਐਸ. ਨਗਰ ਨੂੰ ਵਿਭਾਗ ਦੀ ਵੈੱਬ ਸਾਈਟ ਤੇ ਪਾਉਣ ਲਈ।

6/9/19

ਡਿਪਟੀ ਡਾਇਰੈਕਟਰ(ਅਮਲਾ-1)